Roll No. ..................

Total No. of Questions : 22]

036

[Total No. of Printed Pages : 6

SS

2067

ਸਲਾਨਾ ਪਰੀਖਿਆ ਪ੍ਰਨਾਲੀ

# MUSIC (Vocal) (Theory)

## (Punjabi, Hindi and English Versions)

## (Evening Session)

Time allowed : Three hours

Maximum marks : 60

## (Punjabi Version)

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **036** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਕਰੋ । ਭਾਗ–ਕ ਵਿੱਚ ਹਰ ਪ੍ਰਸ਼ਨ ਦਾ ਉੱਤਰ ਲੋੜ ਮੁਤਾਬਕ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿੱਤਾ ਜਾਣਾ ਚਾਹੀਦਾ ਹੈ । ਭਾਗ–ਖ ਵਿੱਚ ਹਰ ਪ੍ਰਸ਼ਨ ਦਾ ਉੱਤਰ 60-80 ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ । ਭਾਗ–ਗ ਵਿੱਚ ਹਰ ਪ੍ਰਸ਼ਨ ਦਾ ਉੱਤਰ 150-200 ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

### ਭਾਗ–ਕ

1. ਤਾਨਪੂਰੇ ਵਿੱਚ ਮਣਕੀਆਂ ਦਾ ਪ੍ਰਯੋਗ ਕਿਸ ਲਈ ਕੀਤਾ ਜਾਂਦਾ ਹੈ ? 1
2. ਰਾਗ ਵਿੱਚ ਵੱਧ ਤੋਂ ਵੱਧ ਕਿੰਨ੍ਹੇ ਸਵਰਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ ? 1
3. ਪੰ. ਨਾਰਾਇਣ ਰਾਉ ਵਿਆਸ ਦਾ ਜਨਮ ਕਦੋਂ ਹੋਇਆ ? 1
4. ਰਾਗ ਭੀਮਪਲਾਸੀ ਦੇ ਵਾਦੀ ਅਤੇ ਸਮਵਾਦੀ ਸਵਰ ਕਿਹੜੇ ਹਨ ? 1
5. ਰਾਗ ਵਰੀਂਦਾਵਨੀ ਸਾਰੰਗ ਦਾ ਥਾਟ ਕਿਹੜਾ ਹੈ ? 1
6. ਚਾਰਤਾਲ ਦੇ ਬੋਲ ਕਿਸ ਤਰ੍ਹਾਂ ਦੇ ਹੁੰਦੇ ਹਨ ? 1
7. ਸੂਲਤਾਲ ਦੀ ਸੱਤਵੀਂ ਅਤੇ ਅੱਠਵੀਂ ਮਾਤਰਾ ਤੇ ਕਿਹੜੇ ਬੋਲ ਹੁੰਦੇ ਹਨ ? 1

### ਭਾਗ–ਖ

8. ਗਾਯਕ ਦੇ ਕੋਈ ਵੀ ਚਾਰ ਗੁਣ ਅਤੇ ਚਾਰ ਦੋਸ਼ ਲਿਖੋ । 3
9. ਦੇਸ਼ੀ ਅਤੇ ਮਾਰਗੀ ਸੰਗੀਤ ਵਿੱਚ ਕੋਈ ਵੀ ਚਾਰ ਅੰਤਰ ਲਿਖੋ । 3
10. ਤਬਲੇ ਦੇ ਬਾਰੇ ਸੰਖੇਪ ਵਿੱਚ ਲਿਖੋ । 3

[Turn over

11. ਸ਼ਬਦ ਅਤੇ ਭਜਨ ਦੀ ਪਰਿਭਾਸ਼ਾ ਲਿਖੋ । 3

12. ਨਾਯਕ ਅਤੇ ਨਾਯਕੀ ਵਿੱਚ ਅੰਤਰ ਸਪਸ਼ਟ ਕਰੋ । 3

13. ਤਾਨਪੂਰੇ ਦੇ ਅੰਗਾਂ ਦੇ ਬਾਰੇ ਸੰਖੇਪ ਵਿੱਚ ਲਿਖੋ । 3

14. ਰਾਗ ਦੀ ਰਚਨਾ ਦੇ ਚਾਰ ਸਿੱਧਾਂਤ ਲਿਖੋ । 3

15. ਸਰਗਮ ਗੀਤ ਅਤੇ ਲੱਛਣ ਗੀਤ ਦੀ ਪਰਿਭਾਸ਼ਾ ਲਿਖੋ । 3

ਜਾਂ

ਮੀਂਡ ਦਾ ਵਰਨਣ ਕਰੋ । 3

16. ਵਾਗੇਯਕਾਰ ਦੀ ਪਰਿਭਾਸ਼ਾ ਲਿਖੋ । 3

ਜਾਂ

ਸ਼ੁਧ ਅਤੇ ਛਾਯਾਲਗ ਰਾਗ ਦਾ ਵਰਨਣ ਕਰੋ । 3

17. ਰਾਗ ਬਿਹਾਗ ਦਾ ਆਰੋਹ, ਅਵਰੋਹ ਅਤੇ ਪਕੜ ਲਿਖੋ । 3

ਜਾਂ

ਰਾਗ ਭੈਰਵ ਦਾ ਵੇਰਵਾ ਲਿਖੋ । 3

18. ਚਾਰਤਾਲ ਦਾ ਠੇਕਾ ਲਿਖੋ । 3

ਜਾਂ

ਸੂਲਤਾਲ ਦਾ ਠੇਕਾ ਲਿਖੋ । 3

## ਭਾਗ–ਗ

19. ਉਸਤਾਦ ਬੜੇ ਗੁਲਾਮ ਅਲੀ ਖਾਂ ਦੇ ਜੀਵਨ ਅਤੇ ਸੰਗੀਤ ਵਿੱਚ ਉਹਨਾਂ ਦੁਆਰਾ ਦਿੱਤੇ ਗਏ ਯੋਗਦਾਨ ਬਾਰੇ ਵਿਸਥਾਰ ਨਾਲ਼ ਲਿਖੋ । 5

ਜਾਂ

ਹਿੰਦੁਸਤਾਨੀ ਸੰਗੀਤ ਦੇ ਆਧੁਨਿਕ ਕਾਲ ਦੇ ਇਤਿਹਾਸ ਦੇ ਬਾਰੇ ਲਿਖੋ । 5

20. ਆਪਣੇ ਪਾਠਕ੍ਰਮ ਵਿੱਚ ਨਿਰਧਾਰਿਤ ਰਾਗਾਂ ਵਿੱਚੋਂ ਕਿਸੇ ਰਾਗ ਵਿੱਚ ਛੋਟੇ ਖਿਆਲ ਨੂੰ ਸੁਰਲਿਪੀ ਵਿੱਚ ਲਿਖੋ । 5

ਜਾਂ

ਇੱਕਤਾਲ ਦਾ ਠੇਕਾ ਠਾਅ ਅਤੇ ਦੁਗੁਣ ਲਯਕਾਰੀਆਂ ਵਿੱਚ ਲਿਖੋ । 5

21. ਆਲਾਪ ਗਾਯਨ ਦੇ ਸਿੱਧਾਂਤਾਂ ਦੇ ਬਾਰੇ ਵਿਸਥਾਰ ਨਾਲ਼ ਲਿਖੋ । 5

ਜਾਂ

ਹਾਰਮੋਨੀਯਮ ਦੇ ਬਾਰੇ ਵਿਸਥਾਰ ਨਾਲ਼ ਲਿਖੋ । 5

22. ਰਾਗ ਵਰੀਂਦਾਵਨੀ ਸਾਰੰਗ ਦਾ ਵਿਸਥਾਰ ਨਾਲ਼ ਵੇਰਵਾ ਦਿਓ । 5

ਜਾਂ

ਚਾਰਤਾਲ ਦਾ ਠੇਕਾ ਦੁਗੁਣ ਅਤੇ ਚੌਗੁਣ ਲਯਕਾਰੀਆਂ ਵਿੱਚ ਲਿਖੋ । 5